## ਪੰਜਾਬ ਸਕੂਲ ਸਿੱਖਿਆ ਬੋਰਡ

### ਸਾਲ/ਸੈਸ਼ਨ 2018-19 ਲਈ ਨੌਂਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਆਨ-ਲਾਈਨ ਰਜਿਸਟਰੇਸ਼ਨ/ਕੰਟੀਨਿਊਏਸ਼ਨ ਕਰਨ ਸਬੰਧੀ।

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਵਿਦਿਆਰਥੀਆਂ ਨੇ ਸਾਲ/ਸੈਸ਼ਨ 2018-19 ਲਈ ਨੌਂਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਉਹਨਾਂ ਦੇ ਸਕੂਲ ਵਿੱਚ ਸਮੇਂ-ਸਿਰ ਦਾਖਲਾ ਲਿਆ ਸੀ, ਪ੍ਰੰਤੂ ਕਿਸੇ ਕਾਰਨ ਕਰਕੇ ਆਨ-ਲਾਈਨ ਰਜਿਸਟਰੇਸ਼ਨ/ਕੰਟੀਨਿਊਏਸ਼ਨ ਨਹੀ ਹੋ ਸਕੀ। ਉਹ ਸਕੂਲ ਪ੍ਰਿੰਸੀਪਲ ਵੱਲੋਂ ਲੈਟਰ ਪੈਡ, ਦਾਖਲਾ ਖਾਰਜ ਰਜਿਸਟਰ ਅਸਲ ਅਤੇ ਤਸਦੀਕਸ਼ੁਦਾ ਫੋਟੋ ਕਾਪੀ, ਹਾਜ਼ਰੀ ਰਜਿਸਟਰ ਅਸਲ ਅਤੇ ਤਸਦੀਕਸ਼ੁਦਾ ਫੋਟੋ ਕਾਪੀਆਂ, ਫਾਰਮ ਅਨੁਸਾਰ ਹੇਠਲੀ ਸ਼੍ਰੇਣੀ ਪਾਸ ਕਰਨ ਦੇ ਦਸਤਾਵੇਜ਼ ਅਤੇ ਫਾਰਮ ਅਨੁਸਾਰ ਬਣਦੀ ਫੀਸ + 100/-ਰ: ਪ੍ਰਤੀ ਵਿਦਿਆਰਥੀ ਲੇਟ ਫੀਸ + 5,000/- ਰੁ: ਪ੍ਰਤੀ ਵਿਦਿਆਰਥੀ ਲੇਟ ਫੀਸ ਦੇ ਕੇ ਮਿਤੀ 20-08-2019 ਤੱਕ ਮੁੱਖ ਦਫਤਰ, ਰਜਿਸਟਰੇਸ਼ਨ ਸ਼ਾਖਾ ਵਿੱਚ ਫੀਸ ਭਰਵਾ ਕੇ ਆਨ-ਲਾਈਨ ਰਜਿਸਟਰੇਸ਼ਨ/ ਕੰਟੀਨਿਊਏਸ਼ਨ ਕਰਵਾ ਸਕਦੇ ਹਨ। **ਇਸ ਫੀਸ ਤੋਂ ਇਲਾਵਾ ਰਜਿਸਟਰੇਸ਼ਨ ਸ਼ਾਖਾ ਵੱਲੋਂ ਰਜਿਸਟਰੇਸ਼ਨ/ਕੰਟੀਨਿਊਏਸ਼ਨ ਸਬੰਧੀ ਹੋਰ ਕੋਈ ਫੀਸ ਨਹੀ ਲਈ ਜਾਵੇਗੀ ।** ਜਿਹੜੇ ਸਕੂਲਾਂ ਵੱਲੋਂ ਨੌਂਵੀਂ /ਗਿਆਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟਰੇਸ਼ਨ/ਕੰਟੀਨਿਊਏਸ਼ਨ ਨਹੀ ਕਰਵਾਈ ਗਈ, ਉਹਨਾਂ ਵਿਦਿਆਰਥੀਆਂ ਦਾ ਨੌਂਵੀਂ / ਗਿਆਰ੍ਹਵੀਂ ਸ਼੍ਰੇਣੀ ਵਿੱਚ ਨਤੀਜਾ ਆਨ-ਲਾਈਨ ਅਪਡੇਟ ਨਹੀ ਹੋਵੇਗਾ ਅਤੇ ਨਾ ਹੀ ਉਹਨਾਂ ਵਿਦਿਆਰਥੀਆਂ ਦੇ ਵੇਰਵੇ ਦਸਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਦਰਜ ਹੋਣਗੇ। ਦਸਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਵੇਰਵੇ ਦਰਜ ਨਾ ਹੋਣ ਕਾਰਣ ਉਹਨਾਂ ਵਿਦਿਆਰਥੀਆਂ ਦੇ ਪ੍ਰੀਖਿਆ ਸ਼ਾਖਾ ਵੱਲੋਂ ਰੋਲ ਨੰਬਰ ਜਾਰੀ ਨਹੀ ਹੋਣਗੇ। **ਦੇਰੀ ਦੀ ਸਮੂਹ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ਅਤੇ ਇਸ ਉਪਰੰਤ ਸਾਲ/ਸੈਸ਼ਨ 2018-19 ਲਈ ਨੌਂਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਰਜਿਸਟਰੇਸ਼ਨ/ਕੰਟੀਨਿਊਏਸ਼ਨ ਕਰਵਾਉਣ ਲਈ ਹੋਰ ਕੋਈ ਮੌਕਾ ਨਹੀ ਦਿੱਤਾ ਜਾਵੇਗਾ ।**

ਸਹੀ/-

ਡਾਇਰੈਕਟਰ (ਕੰਪਿ. ਸੈੱਲ)